# ਪ੍ਰੈਸਟਨ ਦਾ ਦਿਲ




## ਭਵਿੱਖ ਵਿੱਚ ਇੱਕ ਵਧਦੀ-ਫੁੱਲਦੀ ਪ੍ਰੈਸਟਨ ਮਾਰਕੀਟ ਨੂੰ ਯਕੀਨੀ ਬਣਾਉਣਾ। ਅਤੇ ਇੱਕ ਥਿਰਕਦੇ, ਵੰਨ-ਸੁਵੰਨੇ ਅਤੇ ਆਪਸ ਵਿੱਚ ਜੁੜੇ ਭਾਈਚਾਰੇ ਦੀ ਸਿਰਜਣਾ ਕਰਨਾ।

**50 ਸਾਲਾਂ ਤੋਂ, ਪ੍ਰੈਸਟਨ ਮਾਰਕੀਟ ਨੇ ਇੱਕ ਅਜਿਹੀ ਥਾਂ ਵਜੋਂ ਭਾਈਚਾਰੇ ਨੂੰ ਸੇਵਾਵਾਂ ਦਿੱਤੀਆਂ ਹਨ ਜਿੱਥੇ ਸਥਾਨਕ ਲੋਕ ਆਪਣੀ ਹਫਤਾਵਰੀ ਖਰੀਦਦਾਰੀ ਵਾਸਤੇ ਅਤੇ ਦੋਸਤਾਂ ਨਾਲ ਮਿਲਣ ਵਾਸਤੇ ਇਕੱਠੇ ਹੁੰਦੇ ਹਨ। ਡੇਅਰਬਿਨ ਸਿਟੀ ਕੌਂਸਲ ਇਹ ਯਕੀਨੀ ਬਣਾਉਣ ਲਈ ਦ੍ਰਿੜ ਸੰਕਲਪ ਹੈ ਕਿ ਸਵਾਗਤ, ਵਟਾਂਦਰੇ ਅਤੇ ਵਿਭਿੰਨਤਾ ਦੇ ਇੱਕ ਸਥਾਨ ਵਜੋਂ ਸਾਡੀ ਮਾਰਕੀਟ ਦੀ ਵਿਲੱਖਣ ਪਛਾਣ ਭਵਿੱਖ ਵਿੱਚ ਵੀ ਬਣੀ ਰਹਿੰਦੀ ਹੈ।**

ਕਿਉਂਕਿ ਮੁੱਖ ਇਲਾਕਾ (precinct) ਪ੍ਰੈਸਟਨ ਦੇ ਕੇਂਦਰ ਵਿੱਚ ਹੈ, ਇਸ ਲਈ ਇਹ ਜਨਤਕ ਆਵਾਜਾਈ, ਸੇਵਾਵਾਂ, ਵਿਦਿਅਕ ਸੁਵਿਧਾਵਾਂ, ਨੌਕਰੀਆਂ ਅਤੇ ਖੁੱਲ੍ਹੇ ਸਥਾਨਾਂ ਦੇ ਨੇੜੇ ਹੈ। ਇਸਦਾ ਮਤਲਬ ਇਹ ਹੋਇਆ ਕਿ ਮੁੱਖ ਇਲਾਕੇ ਵਿੱਚ ਇੱਕ ਵੰਨ-ਸੁਵੰਨੇ, ਆਪਸ ਵਿੱਚ ਜੁੜੇ ਭਾਈਚਾਰੇ ਦੇ ਨਿਰਮਾਣਕਾਰੀ ਅੰਸ਼ ਮੌਜੂਦ ਹਨ – ਜਿਸਦੀ ਸਿਰਜਣਾ ਖੇਤਰ ਦੇ ਬਸੇਰਾ ਸੰਕਟ ਦਾ ਹੱਲ ਕੱਢਣ ਵਿੱਚ ਮਦਦ ਕਰੇਗੀ, ਅਤੇ ਰੁਮਾਂਚਕਾਰੀ ਨਵੀਆਂ ਭਾਈਚਾਰਕ ਸੁਵਿਧਾਵਾਂ ਦੀ ਅਦਾਇਗੀ ਕਰੇਗੀ।

ਮੁੱਖ ਇਲਾਕੇ ਵਾਸਤੇ ਯੋਜਨਾਬੰਦੀ ਦੇ ਨਿਯਮਾਂ ਦੀ, ਯੋਜਨਾਬੰਦੀ ਵਾਸਤੇ ਮੰਤਰੀ ਵੱਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ ਵਿਕਟੋਰੀਅਨ ਪਲਾਨਿੰਗ ਅਥਾਰਟੀ (VPA) ਵੱਲੋਂ ਸਮੀਖਿਆ ਕੀਤੀ ਜਾ ਰਹੀ ਹੈ। ਇਸ ਅਮਲ ਦੇ ਭਾਗ ਵਜੋਂ, VPA ਅਤੇ ਡੇਅਰਬਿਨ ਕੌਂਸਲ ਨੇ ਭਾਈਚਾਰਕ ਸ਼ਮੂਲੀਅਤ ਦੇ ਇੱਕ ਵਿਸਤਰਿਤ ਪ੍ਰੋਗਰਾਮ ਦੇ ਰਾਹੀਂ ਸਥਾਨਕ ਲੋਕਾਂ ਦੇ ਵਿਚਾਰ ਇਕੱਤਰ ਕੀਤੇ। VPA ਇਸ ਸਾਲ ਦੇ ਅਖੀਰ ਵਿੱਚ ਜਾਕੇ ਢਾਂਚੇ ਦਾ ਇੱਕ ਖਰੜਾ ਪ੍ਰਦਾਨ ਕਰਵਾਉਣ ਵਾਲੀ ਹੈ, ਜੋ ਇਸ ਚੀਜ਼ ਦੀ ਰੂਪ-ਰੇਖਾ ਬਿਆਨ ਕਰੇਗਾ ਕਿ ਯੋਜਨਾਬੰਦੀ ਦੇ ਨਵੇਂ ਨਿਯਮਾਂ ਵਿੱਚ ਕੀ ਸ਼ਾਮਲ ਹੋਵੇਗਾ।

ਇਸ ਯੋਜਨਾ ਦੀ ਰਿਲੀਜ਼ ਤੋਂ ਪਹਿਲਾਂ, ਡੇਅਰਬਿਨ ਸਿਟੀ ਕੌਂਸਲ ਨੇ ਭਾਈਚਾਰੇ ਦੇ ਪ੍ਰਤੀਕਰਮ ਅਤੇ ਇੱਕ ਹਾਲੀਆ ਸਮੇਂ ਵਿੱਚ ਪੂਰੀ ਕੀਤੀ ‘ਮਾਰਕੀਟ ਆਈਡੈਂਟਿਟੀ ਸਟੱਡੀ’ ਦੀਆਂ ਲੱਭਤਾਂ ਦੀ ਵਰਤੋਂ ‘ਹਾਰਟ ਆਫ ਪ੍ਰੈਸਟਨ’ ਨੂੰ ਬਣਾਉਣ ਲਈ ਕੀਤੀ ਹੈ, ਇਹ ਇੱਕ ਦਸਤਾਵੇਜ਼ ਹੈ ਜੋ ਮੁੱਖ ਇਲਾਕੇ ਦੇ ਭਵਿੱਖ ਦੇ ਸੰਬੰਧ ਵਿੱਚ ਸਥਾਨਕ ਵਸਨੀਕਾਂ ਅਤੇ ਵਪਾਰੀਆਂ ਦੀਆਂ ਸਾਂਝੀਆਂ ਉਮੀਦਾਂ ਨੂੰ ਉਘਾੜਨ ਦਾ ਇਰਾਦਾ ਰੱਖਦਾ ਹੈ। ਇਹ ਸਪੱਸ਼ਟ ਰੂਪ ਵਿੱਚ ਤੈਅ ਕਰਦਾ ਹੈ ਕਿ ਬਾਜ਼ਾਰ ਦੇ ਲਗਾਤਾਰ ਵਧਦੇ-ਫੁੱਲਦੇ ਰਹਿਣ ਅਤੇ ਇਹ ਯਕੀਨੀ ਬਣਾਉਣ ਲਈ ਕੀ ਵਾਪਰਨ ਦੀ ਲੋੜ ਹੈ ਕਿ ਮੁੱਖ ਇਲਾਕਾ ਮੋਟੇ ਤੌਰ ’ਤੇ ਰਹਿਣਯੋਗ, ਸੁਰੱਖਿਅਤ ਅਤੇ ਟਿਕਾਊ ਵਾਤਾਵਰਣ ਬਣਿਆ ਰਹੇ।

City of DAREBIN
the place to live

**ਅਸੀਂ ਫੈਸਲਾ ਲੈਣ ਵਾਲਿਆਂ ਨੂੰ ਨਿਮਨਲਿਖਤ ਦੀ ਬੇਨਤੀ ਕਰ ਰਹੇ ਹਾਂ:**

- ਕਿਸੇ ਵੀ ਪੁਨਰ-ਵਿਕਾਸ ਦੇ ਭਾਗ ਵਜੋਂ, ਜਨਤਕ ਜਗ੍ਹਾਵਾਂ ਵਜੋਂ ਕਾਰਜ ਕਰਨ ਵਾਲੀਆਂ ਢਕੀਆਂ ਹੋਈਆਂ ਗਲ਼ੀਆਂ ਅਤੇ ਪੈਦਲ ਰਸਤਿਆਂ ਵਰਗੀਆਂ ਬਾਜ਼ਾਰ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ, ਇਸਦੇ ਸ਼ੈੱਡਾਂ, ਸਟਾਲਾਂ ਅਤੇ ਛੋਟੀਆਂ ਦੁਕਾਨਾਂ ਨੂੰ **ਅਹਿਮੀਅਤ ਦੇਣਾ।**
- ਕਿਸੇ ਵੀ ਪੁਨਰ-ਵਿਕਾਸ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਵਪਾਰੀਆਂ ਦੀ **ਸਹਾਇਤਾ ਕਰਨਾ।**
- ਮਜ਼ਬੂਤ ਟਿਕਣਯੋਗਤਾ ਸਿਧਾਂਤਾਂ ਨੂੰ ਦਰਸਾਉਣ ਲਈ ਨਵੀਂ ਵਰਤਣਯੋਗ ਹਰੀ-ਭਰੀ ਖੁੱਲ੍ਹੀ ਜਗਹ ਦੀ **ਸਿਰਜਣਾ ਕਰਨਾ**, ਡਿਜ਼ਾਈਨ ਵਿੱਚ ਸ਼੍ਰੇਸ਼ਠਤਾ ਨੂੰ ਦਿਖਾਉਣਾ ਅਤੇ ਖੇਤਰ ਦੀ ਦਿੱਖ, ਅਹਿਸਾਸ ਅਤੇ ਸੁਰੱਖਿਆ ਵਿੱਚ ਸੁਧਾਰ ਕਰਨਾ।
- ਨਵੀਆਂ ਭਾਈਚਾਰਕ ਜਗ੍ਹਾਵਾਂ, ਪੁੱਗਣਯੋਗ ਬਸੇਰਾ, ਸਮਾਜਕ ਪ੍ਰੋਗਰਾਮਾਂ, ਸੁਵਿਧਾਵਾਂ ਅਤੇ ਰੁਜ਼ਗਾਰ ਦੇ ਮੌਕਿਆਂ ਰਾਹੀਂ ਮੁੱਖ ਇਲਾਕੇ ਵਿੱਚ ਸਮਾਜਕ ਬਰਾਬਰਤਾ ਦੀ **ਅਦਾਇਗੀ ਕਰਨਾ।**

ਅਤੇ ਕਿਸੇ ਵੀ ਵਿਕਾਸ ਦੇ ਅੱਗੇ ਵਧਣ ਤੋਂ ਪਹਿਲਾਂ, ਅਸੀਂ ਚਾਹੁੰਦੇ ਹਾਂ ਕਿ ਵਰਤਮਾਨ ਸਾਈਟ ਵਿਖੇ ਬਾਜ਼ਾਰ ਦੀ ਵਰਤੋਂ ਬਣਾਈ ਰੱਖਣ ਲਈ ਮਾਲਕ ਇੱਕ ਸਮਝੌਤੇ ਰਾਹੀਂ ਵਚਨਬੱਧਤਾ ਦੇਣ।

**ਪ੍ਰੈਸਟਨ ਮਾਰਕੀਟ ਦੇ ਮੁੱਖ ਇਲਾਕੇ (Preston Market Precinct) ਦੇ ਭਵਿੱਖ ਬਾਰੇ ਹੋਰ ਜਾਣਕਾਰੀ ਪਤਾ ਕਰਨ ਲਈ, ਤੁਸੀਂ ਸਰੋਤਾਂ ਦੀ ਇੱਕ ਲੜੀ ਤੱਕ ਪਹੁੰਚ ਕਰ ਸਕਦੇ ਹੋ ਜੋ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਵਿੱਚ ਇਹ ਸ਼ਾਮਲ ਹਨ:**

- ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8.30 – ਸ਼ਾਮ 5.00 ਵਜੇ ਤੱਕ ਕਿਸੇ ਵੀ ਸਮੇਂ ਸਾਡੀ ਗਾਹਕ ਸੇਵਾਵਾਂ ਟੀਮ ਨੂੰ 8470 8888 ’ਤੇ ਕਾਲ ਕਰਨਾ
- ਤੁਹਾਡੀ ਆਪਣੀ ਭਾਸ਼ਾ ਵਿੱਚ ਕਿਸੇ ਨਾਲ ਗੱਲ ਕਰਨ ਲਈ ਬਹੁਭਾਸ਼ੀ ਟੈਲੀਫ਼ੋਨ ਲਾਈਨ ਨੂੰ ਇਸ ਨੰਬਰ ’ਤੇ ਕਾਲ ਕਰਨਾ: (03) 8470 8470
- ਈਮੇਲ: mailbox@darebin.vic.gov.au
- ਡਾਕ ਪਤਾ: 274 Gower Street PRESTON VIC 3072
- TTY (ਸੁਣਨ ਤੋਂ ਅਸਮਰੱਥ ਲੋਕਾਂ ਲਈ): 133 677 ’ਤੇ ਫ਼ੋਨ ਕਰੋ ਅਤੇ 03 8470 8888 ਲਈ ਪੁੱਛੋ
- ਸਪੀਕ ਐਂਡ ਲਿਸਨ: 1300 555 727 ’ਤੇ ਫ਼ੋਨ ਕਰੋ ਅਤੇ 03 8470 8888 ਲਈ ਪੁੱਛੋ
- ਇੰਟਰਨੈੱਟ ਰਿਲੇਅ: National Relay Service - IP Relay ਨਾਲ ਕਨੈਕਟ ਕਰੋ ਅਤੇ 03 8470 8888 ਲਈ ਪੁੱਛੋ
- ਪੋਰਟੇਬਲ ਹੀਅਰਿੰਗ ਲੂਪ ਅਤੇ ਪਰਸਨਲ ਹੀਅਰਿੰਗ ਐਂਪਲੀਫਾਇਰ: ਇਹ ਡੀਵਾਈਸਾਂ ਸਾਰੇ ਗਾਹਕ ਸੇਵਾ ਕੇਂਦਰਾਂ ਵਿਖੇ ਸਥਾਪਤ ਕੀਤੀਆਂ ਗਈਆਂ ਹਨ।